## ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225-ਈ-227-ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001
ਈ-ਮੇਲ dlobti.pblanguages@gmail.com

ਵੱਲ

ਸਮੂਹ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ,
ਜ਼ਿਲ੍ਹਾ ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ।

ਪੱਤਰ ਨੰ:2023/ 110 ਮਿਤੀ,ਬਠਿੰਡਾ/ 08/02/2023

ਵਿਸ਼ਾ: ਪਦ ਉਨੱਤੀ/ਭਰਤੀ ਲਈ ਟਾਈਪ/ ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਵੱਖ-ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦੇ ਕਰਮਚਾਰੀਆਂ ਦੀ ਪਦ-ਉੱਨਤੀ ਲਈ ਟਾਈਪ/ਸ਼ਾਰਟਹੈਂਡ ਟੈਸਟ ਲੈਣ ਲਈ ਦਫ਼: ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਖੇਤਰ ਭਾਗ) ਵੱਲੋਂ ਜਾਰੀ ਕੀਤਾ ਪੱਤਰ ਨੰ: ਟਾ.ਸ਼ਾ (ਬਾ-ਕਲੱਸਟਰ)2022/13991-96, ਮਿਤੀ 09.09.2022 (ਕਾਪੀ ਨੱਥੀ) ਰਾਹੀਂ ਹੋਈਆਂ ਹਦਾਇਤਾਂ, ਅਨੁਸਾਰ ਉਕਤ ਟੈਸਟ ਮਹੀਨਾ ਅਪ੍ਰੈਲ-2023 ਵਿੱਚ ਲਿਆ ਜਾਣਾ ਹੈ। ਸੋ ਉਕਤ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਵੀ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਆਪਣੇ ਕਰਮਚਾਰੀਆਂ ਦਾ ਟਾਈਪ/ਸ਼ਾਰਟਹੈਂਡ ਟੈਸਟ ਦਵਾਉਣਾ ਚਾਹੁੰਦੇ/ਚਾਹੁੰਦੀਆਂ ਹਨ, ਉਹ ਦਫ਼ਤਰ, ਨਾਲ ਨੱਥੀ ਪਰਫੋਰਮਿਆਂ ਅਨੁਸਾਰ ਕਰਮਚਾਰੀਆਂ ਦੀ ਸੂਚੀ ਅਤੇ ਉਨ੍ਹਾਂ ਦੇ ਪਹਿਚਾਣ ਪੱਤਰ ਮਿਤੀ 7 ਮਾਰਚ, 2023 ਤੱਕ ਇਸ ਦਫ਼ਤਰ ਦੀ ਈ-ਮੇਲ ਆਈ.ਡੀ. dlobti.pblanguages@gmail.com ਰਾਹੀਂ ਭੇਜ ਸਕਦੇ ਹਨ।

2. ਇਹ ਟੈਸਟ ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਨੰ: 4807/2020 ਮਿਤੀ 14.01.2020 (ਕਾਪੀ ਨੱਥੀ) ਅਨੁਸਾਰ ਪੰਜਾਬੀ ਯੂਨੀਕੋਡ ਫੌਂਟ ਰਾਵੀ ਵਿੱਚ ਹੀ ਲਿਆ ਜਾਵੇਗਾ। ਕਿਸੇ ਹੋਰ ਪੰਜਾਬੀ ਫੌਂਟ ਵਿੱਚ ਟੈਸਟ ਦਿਵਾਉਣ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਵਿਭਾਗ/ਦਫ਼ਤਰ ਦੀ ਹੋਵੇਗੀ।

3. ਇਸ ਤੋਂ ਇਲਾਵਾ ਦਫ਼: ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਖੇਤਰ ਭਾਗ) ਦਾ ਪੱਤਰ ਨੰ: 2022/15179 ਮਿਤੀ 03.10.2022 (ਕਾਪੀ ਨੱਥੀ) ਭੇਜ ਕੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਡੀ.ਸੀ ਦਫ਼ਤਰਾਂ ਤੋਂ ਇਲਾਵਾ ਬਾਕੀ ਸਾਰੇ ਵਿਭਾਗਾਂ ਵੱਲੋਂ ਆਪਣੇ ਕਰਮਚਾਰੀਆਂ ਦਾ ਟਾਈਪ/ਸ਼ਾਰਟਹੈਂਡ ਟੈਸਟ ਦਿਵਾਉਣ ਲਈ ਪ੍ਰਵਾਨਗੀ ਆਪਣੇ ਵਿਭਾਗ ਦੇ ਮੁੱਖ ਦਫ਼ਤਰ ਵੱਲੋਂ ਪ੍ਰਾਪਤ ਕਰਨ ਉਪਰੰਤ ਹੀ ਕਰਮਚਾਰੀ ਦਾ ਨਾਮ ਨਾਲ ਨੱਥੀ ਪਰਫਾਰਮਿਆਂ ਵਿੱਚ ਭਰ ਕੇ ਨਿਰਧਾਰਿਤ ਮਿਤੀ 7 ਮਾਰਚ, 2023 ਤੱਕ ਇਸ ਦਫ਼ਤਰ ਨੂੰ ਭੇਜਿਆ ਜਾਵੇ। ਭੇਜੇ ਜਾਣ ਵਾਲੇ ਪਰਫਾਰਮੇ ਵਿੱਚ ਟੈਸਟ ਵਾਲੇ ਦਿਨ ਦਫ਼ਤਰ ਵੱਲੋਂ ਭੇਜੇ ਜਾਣ ਵਾਲੇ ਨੁਮਾਇੰਦੇ ਦਾ ਨਾਂ ਜ਼ਰੂਰ ਦਰਜ ਕੀਤਾ ਜਾਵੇ, ਜਿਸ ਦੀ ਹਾਜ਼ਰੀ ਵਿੱਚ ਟੈਸਟ ਲਿਆ ਜਾਵੇਗਾ। ਅਧੂਰੇ ਅਤੇ ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਪੱਤਰਾਂ ਨੂੰ ਬਿਨ੍ਹਾਂ ਸੂਚਨਾ ਦੇ ਰੱਦ ਕਰ ਦਿੱਤਾ ਜਾਵੇਗਾ ਜੀ।

ਧੰਨਵਾਦ ਸਹਿਤ।

ਵਿਸ਼ਵਾਸਪਾਤਰ

(ਕਿਰਪਾਲ ਸਿੰਘ)
ਜ਼ਿਲ੍ਹਾ ਭਾਸ਼ਾ ਅਫ਼ਸਰ
ਬਠਿੰਡਾ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ।
ਪਿੱਠ ਅੰਕਣ ਨੰ: ਅ-ਪ੍ਰ/1 (7)2023/ [illegible] ਮਿਤੀ: 17.02.2023
ਉਪਰੋਕਤ ਦਾ ਉਤਾਰਾ ਸਮੂਹ ਸੰਸਥਾ/ਸਕੂਲ/ਬੀ.ਪੀ.ਈ.ਓ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿ.ਸਿੱ.ਅ. (ਸੈ.ਸਿ)
ਬਠਿੰਡਾ
17/02

Scanned with OKEN Scanner